इंडियनऑयल IndianOil

# ਇੰਡੀਅਨ ਆਯਲ ਕਾਰਪੋਰੇਸ਼ਨ ਲਿਮਿਟੇਡ

इंडियनऑयल IndianOil

**CIN-L 23201 MH 1959 GOI 011388**

## ਪੰਜਾਬ ਰਾਜ ਵਿਚ ਰਿਟੇਲ ਆਊਟਲੇਟ (ਪੈਟਰੋਲ/ਡੀਜਲ ਪੰਪ) ਦੇ ਲਈ ਜਮੀਨ ਦੀ ਜਰੂਰਤ

ਹੇਠਾਂ ਲਿਖਤ ਥਾਵਾਂ ਉਤੇ ਰਿਟੇਲ ਆਊਟਲੇਟ ਦੀ ਸਥਾਪਨਾ ਦੇ ਲਈ ਇੰਡੀਅਨ ਆਯਲ ਕਾਰਪੋਰੇਸ਼ਨ ਲਿਮਿਟੇਡ ਨੂੰ ਇਕਮੁਸ਼ਤ ਵਿਕਰੀ ਜਾਂ ਪੱਟਾ ਘੱਟੋ ਘੱਟ 19 ਸਾਲ 11 ਮਹੀਨੇ ਨਵੀਨੀਕਰਨ ਵਿਕਲਪ ਦੇ ਨਾਲ) ਦੇ ਮਾਧਿਅਮ ਨਾਲ ਜਗ੍ਹਾ ਦੇ ਤਬਦੀਲੀ ਦੇ ਲਏ ਇਸ ਇਸ਼ਤਿਹਾਰ ਦੇ ਪ੍ਰਕਾਸ਼ਨ ਦੀ ਮਿਤੀ ਨੂੰ ਆਪਣੇ ਕਬਜੇ ਵਿਚ ਜਮੀਨ ਦਾ ਵੈਲਿਡ ਅਤੇ ਸਪਸ਼ਟ ਮਾਰਕੀਟਿੰਗ ਅਧਿਕਾਰ ਰੱਖਣ ਵਾਲੀਆਂ ਇਛੁਕ ਪਾਰਟੀਆਂ ਤੋਂ ਦੋ ਵੱਖ-ਵੱਖ ਲਿਫਾਫਿਆਂ (ਇਕ ਲਿਫਾਫੇ ਵਿਚ ਸਾਈਟ ਦਾ ਤਕਨੀਕੀ ਵੇਰਵਾ ਅਤੇ ਦੂਜੇ ਵਿਚ ਵਿੱਤੀ ਪ੍ਰਸਤਾਵ ਹੋਵੇ) ਵਿਚ ਸੀਲਬੰਦ ਪ੍ਰਸਤਾਵ ਨੂੰ ਸੱਦਾ ਦਿਤਾ ਜਾਂਦਾ ਹੈ।

| ਲ.ਨੰ. | ਰਾਜ | ਸਟ੍ਰੈਚ | ਐਨਐਚ ਨੰ. | ਘੱਟੋ ਘੱਟ ਪਲਾਟ ਏਰੀਆ ਮਾਪ |
|---|---|---|---|---|
| 1 | ਪੰਜਾਬ | ਅੰਮ੍ਰਿਤਸਰ ਅਤੇ ਪਠਾਨਕੋਟ ਦੇ ਵਿਚ ਖੱਬੇ ਪਾਸੇ | ਐਨਐਚ 54 (ਪੁਰਾਣਾ ਐਨਐਚ 15) | ਪਲਾਟ ਏਰੀਆ 60 ਮੀਟਰ ਘੱਟੋ ਘੱਟ ਅਗਲੇ ਭਾਗ ਦੇ ਨਾਲ ਘੱਟੋ ਘੱਟ 1.5 ਏਕੜ ਹੋਣਾ ਚਾਹੀਦਾ। ਹਾਲਾਂਕਿ ਉਚ ਆਕਾਰ ਦੇ ਪਲਾਟ ਨੂੰ ਪਹਿਲ ਦਿਤੀ ਜਾਵੇਗੀ। |
| 2 | ਪੰਜਾਬ | ਅੰਮ੍ਰਿਤਸਰ ਅਤੇ ਪਠਾਨਕੋਟ ਦੇ ਵਿਚ ਸੱਜੇ ਪਾਸੇ | ਐਨਐਚ 54 (ਪੁਰਾਣਾ ਐਨਐਚ 15) | |
| 3 | ਪੰਜਾਬ | ਬਠਿੰਡਾ-ਅੰਮ੍ਰਿਤਸਰ ਰੋਡ ਉਤੇ ਕਿਮੀ ਸਟੋਨ 225-240 ਦੇ ਵਿਚ | ਐਨਐਚ 54 (ਪੁਰਾਣਾ ਐਨਐਚ 15) | |
| 4 | ਪੰਜਾਬ | ਬਠਿੰਡਾ-ਅੰਮ੍ਰਿਤਸਰ ਰੋਡ ਉਤੇ ਕਿਮੀ ਸਟੋਨ 225-240 ਦੇ ਵਿਚ ਸੱਜੇ ਪਾਸੇ | ਐਨਐਚ 54 (ਪੁਰਾਣਾ ਐਨਐਚ 15) | |
| 5 | ਪੰਜਾਬ | ਬਸੰਤਪੁਰਾ ਅਤੇ ਖੰਨਾ ਦੇ ਵਲ (ਦਿੱਲੀ ਤੋਂ ਲੁਧਿਆਣਾ ਜਾਂਦੇ ਸਮੇਂ ਖੱਬੇ ਪਾਸੇ) | ਐਨਐਚ 44 (ਪੁਰਾਣਾ ਐਨਐਚ 1) | |
| 6 | ਪੰਜਾਬ | ਖੰਨਾ ਅਤੇ ਬਸੰਤਪੁਰਾ ਦੇ ਵਿਚ (ਲੁਧਿਆਣਾ ਤੋਂ ਦਿੱਲੀ ਜਾਂਦੇ ਸਮੇਂ ਖੱਬੇ ਪਾਸੇ) | ਐਨਐਚ 44 (ਪੁਰਾਣਾ ਐਨਐਚ 1) | |
| 7 | ਪੰਜਾਬ | ਲੁਧਿਆਣਾ ਅਤੇ ਖਰੜ ਦੇ ਵਿਚ ਸੱਜੇ ਪਾਸੇ | ਐਨਐਚ 5 (ਪੁਰਾਣਾ ਐਨਐਚ 95) | |
| 8 | ਪੰਜਾਬ | ਲੁਧਿਆਣਾ ਅਤੇ ਖਰੜ ਦੇ ਵਿਚ ਖੱਬੇ ਪਾਸੇ | ਐਨਐਚ 5 (ਪੁਰਾਣਾ ਐਨਐਚ 95) | |
| 9 | ਪੰਜਾਬ | ਕਿਮੀ 396-429 ਜਲੰਧਰ ਤੋਂ ਡਮਤਾਲ ਦੇ ਵਿਚ ਖੱਬੇ ਪਾਸੇ | ਐਨਐਚ 44 (ਪੁਰਾਣਾ ਐਨਐਚ 1A) | |
| 10 | ਪੰਜਾਬ | ਕਿਮੀ 425-429 ਜਲੰਧਰ ਤੋਂ ਡਮਤਾਲ ਦੇ ਵਿਚ ਖੱਬੇ ਪਾਸੇ | ਐਨਐਚ 44 (ਪੁਰਾਣਾ ਐਨਐਚ 1A) | |
| 11 | ਪੰਜਾਬ | ਕਿਮੀ 488-505 ਜਲੰਧਰ ਤੋਂ ਲੁਧਿਆਣਾ ਦੇ ਵਿਚ ਖੱਬੇ ਪਾਸੇ | ਐਨਐਚ 44 (ਪੁਰਾਣਾ ਐਨਐਚ 1) | |

**ਉਪਰੋਕਤ ਦੇ ਸੰਧਰਭ ਵਿਚ ਕਿਰਪਾ ਹੇਠਾਂ ਲਿਖਤ ਨੂੰ ਨੋਟ ਕਰੋ:**

1. ਇਹ ਇਸ਼ਤਿਹਾਰ ਜਮੀਨ ਦੀ ਪ੍ਰਾਪਤੀ ਦੇ ਲਈ ਹੈ ਅਤੇ ਕਿਸੇ ਡੀਲਰਸ਼ਿਪ ਦੇ ਲਈ ਪ੍ਰਸਤਾਵ ਨਹੀਂ ਹੈ।
2. ਰਾਸ਼ਟਰੀ ਰਾਜਮਾਰਗ ਉਤੇ ਪ੍ਰਸਤਾਵਿਤ ਜਮੀਨ ਟੋਲ ਬ੍ਰਿਜ ਜਾਂ ਐਨਐਚ-ਐਸਐਚ-ਐਮਡੀਆਰ ਕ੍ਰਾਸਿੰਗ 1 ਕਿਮੀ ਦੇ ਦਾਇਰੇ ਵਿਚ ਨਹੀਂ ਹੋਣੀ ਚਾਹੀਦੀ।
3. ਪ੍ਰਸਤਾਵਿਤ ਪਲਾਟ ਦਾ ਅਗਲਾ ਹਿਸਾ ਰਾਜ ਮਾਰਗ ਮੁੱਖ ਸੜਕ ਨਾਲ ਜੁੜਿਆ ਹੋਣਾ ਚਾਹੀਦਾ ਅਤੇ ਸੜਕ ਤੋਂ ਪਲਾਟ ਵਿਚ ਜਾਣ ਦੇ ਲਈ ਪਹੁੰਚ ਸੜਕ ਹੋਣੀ ਚਾਹੀਦੀ।
4. ਨਿਵਿਦਾਦਾਤਾ ਨੂੰ ਸਾਰੀਆਂ ਕਾਨੂੰਨੀ ਮੰਜੂਰੀਆਂ ਜਿਵੇਂ ਸ਼ਹਿਰੀ ਜਮੀਨ ਸੀਮਾ, ਗੈਰ-ਖੇਤੀ ਭੂਮੀ ਵਿਚ ਬਦਲਾਅ, ਇਨਕਮ ਟੈਕਸ ਅਦਾਇਗੀ, ਗੈਰ-ਕਰਜਾਮੁਕਤ ਸਰਟੀਫਿਕੇਟ ਆਦਿ ਦਾ ਇੰਤਜਾਮ ਕਰਨਾ ਹੋਵੇਗਾ।
5. ਨਿਵਿਦਾਦਾਤਾ ਨੂੰ ਇਹ ਯਕੀਨੀ ਕਰਨਾ ਹੋਵੇਗਾ ਕਿ ਪ੍ਰਸਤਾਵਿਤ ਪਲਾਟ ਭਾ.ਰਾ.ਰਾ.ਪ੍ਰਾ. ਦੀਆਂ ਜਰੂਰਤਾਂ ਨੂੰ ਪੂਰਾ ਕਰਦਾ ਹੈ।
6. ਜਮੀਨ ਮੁੱਖ ਤੌਰ ਤੇ ਸਮਤਲ ਹੋਣੀ ਚਾਹੀਦੀ, ਇਹ ਸੜਕ ਦੇ ਲੈਵਲ ਤਕ ਜਾਂ ਆਸਪਾਸ ਹੋਵੇ ਅਤੇ ਇਕੱਠੀ ਇਕ ਲਾਟ ਵਿਚ ਹੋਣੀ ਚਾਹੀਦੀ।
7. ਪ੍ਰਸਤਾਵਿਤ ਪਲਾਟ ਦੇ ਉਪਰ ਕੋਈ ਉਚ ਵੋਲਟੇਜ ਬਿਜਲੀ ਲਾਈਨ/ਉਤਪਾਦ/ ਪਾਣੀ ਦੀ ਲਾਈਨ/ਕੈਨਾਲ/ਡ੍ਰੇਨੇਜ/ਨਾਲਾ/ਸਾਰਵਜਨਿਕ ਸੜਕ/ ਰੇਲਵੇ ਲਾਈਨ ਆਦਿ ਨਹੀਂ ਹੋਣੀ ਚਾਹੀਦੀ।
8. ਪ੍ਰਸਤਾਵਿਤ ਪਲਾਟ ਸਾਰੇ ਕਰਜਾਮੁਕਤ/ਨਜਾਇਜ਼ ਕਬਜਾ/ਧਾਰਮਿਕ ਢਾਂਚੇ ਆਦਿ ਤੋਂ ਮੁਕਤ ਹੋਣਾ ਚਾਹੀਦਾ। ਪ੍ਰਸਤਾਵ ਦੇ ਨਾਲ ਇਸ ਸਬੰਧ ਵਿਚ ਨੋਟਰੀ ਦੁਆਰਾ ਪੂਰੀ ਤਰ੍ਹਾਂ ਤਸਦੀਕਸ਼ੁਦਾ ਜਰੂਰੀ ਦਸਤਾਵੇਜ ਜਮ੍ਹਾ ਕਰਨੇ ਹੋਣਗੇ।
9. ਜੇਕਰ ਪਲਾਟ ਦਾ ਪੂਰਾ ਭਾਗ ਇਕ ਮਾਲਿਕ ਦਾ ਨਹੀਂ ਹੈ ਤਾਂ ਸਾਰੇ ਜਮੀਨ ਮਾਲਿਕ ਜਿਨ੍ਹਾਂ ਦੇ ਪਲਾਟ ਇਕੱਠੇ ਜੁੜੇ ਹੋਏ ਹਨ ਅਤੇ ਜੋ ਸਾਡੀਆਂ ਜਰੂਰਤਾਂ ਨੂੰ ਪੂਰਾ ਕਰਦੇ ਹਨ, ਉਹ ਇਕ ਰਜਿਸਟਰਡ ਪਾਵਰ ਆਫ ਅਟਾਰਨੀ ਦੇ ਮਾਧਿਅਮ ਨਾਲ ਆਪਣਾ ਪ੍ਰਸਤਾਵ ਦੇ ਸਕਦੇ ਹਨ। ਹਾਲਾਂਕਿ ਇੰਡੀਅਨ ਆਯਲ ਕੇਵਲ ਪਾਵਰ ਆਫ ਅਟਾਰਨੀ ਹੋਲਡਰ ਨਾਲ ਹੀ ਲੈਣਦੇਣ ਕਰਗੇ। ਪ੍ਰਸਤਾਵ ਦੇ ਨਾਲ ਹਰੇਕ ਮਾਲਿਕ ਦੁਆਰਾ ਪੂਰੀ ਤਰ੍ਹਾਂ ਤਸਦੀਕਸ਼ੁਦਾ ਪਾਵਰ ਆਫ ਅਟਾਰਨੀ ਦੀ ਕਾਪੀ ਜਮ੍ਹਾ ਕਰਨੀ ਹੋਵੇਗੀ।
10. ਜਿਲਾ ਪ੍ਰਾਧੀਕਰਨ ਅਤੇ ਹੋਰ ਸਰਕਾਰੀ ਵਿਭਾਗ ਵੀ ਇਸ ਇਸ਼ਤਿਹਾਰ ਦੇ ਤਹਿਤ ਦਰਖਾਸਤ ਕਰ ਸਕਦੇ ਹਨ। ਯੋਗ ਪਾਏ ਜਾਣ ਤੇ ਸਰਕਾਰੀ ਜਮੀਨ ਨੂੰ ਪਹਿਲ ਦਿਤੀ ਜਾਵੇਗੀ।
11. ਖੇਤੀਬਾੜੀ ਜਮੀਨ ਦਾ ਪ੍ਰਸਤਾਵ ਦੇਣ ਵਾਲੇ ਜਮੀਨ ਮਾਲਿਕਾਂ ਨੂੰ ਇਸ ਨੂੰ ਆਪਣੇ ਖਰਚ ਅਤੇ ਲਾਗਤ ਤੇ ਗੈਰ-ਖੇਤੀ ਜਮੀਨ ਹੋਰ : ਰਿਟੇਲ ਆਊਟਲੇਟ/ਬੁਨਿਆਦੀ ਸਹੂਲਤਾਂ ਅਤੇ ਹੋਰ ਸਬੰਧਤ ਪ੍ਰਯੋਜਨਾਂ ਵਿਚ ਇਸਤੇਮਾਲ ਦੇ ਲਈ ਵਾਣਿਜਕ ਇਸਤੇਮਾਲ ਦੇ ਲਈ ਤਬਦੀਲ ਕਰਨਾ ਹੋਵੇਗਾ।
12. ਇੰਡੀਅਨ ਆਯਲ ਦੇ ਅੰਦਾਜੇ ਦੇ ਅਨੁਸਾਰ, ਵਾਣਿਜਕ ਮੁਲਾਂਕਨ 'ਤੇ ਹੇਠਾਂ ਲਿਖਤ ਵਾਧੂ ਲਾਗਤਾਂ 'ਤੇ ਵੀ ਵਿਚਾਰ ਕੀਤਾ ਜਾਏਗਾ (i) ਚਾਰਦੀਵਾਰੀ/ਹਯੂਮ ਪਾਈਪ ਆਦਿ ਦੀ ਲਾਗਤ ਦੇ ਨਾਲ ਜਮੀਨ ਦੀ ਭਰਾਈ/ਇਕਸਾਰ/ ਕਟਿੰਗ ਦੇ ਨਾਲ-ਨਾਲ ਪ੍ਰਸਤਾਵਿਤ ਜਮੀਨ ਨੂੰ ਸੜਕ ਦੇ ਪੱਧਰ ਤਕ ਲਿਆਉਣ ਦੇ ਲਈ ਉਤਾਰ-ਚੜਾਅ ਦਾ ਵਿਕਾਸ (ii) ਹੋਰ ਭੌਤਿਕ ਮਾਪਦੰਡ ਜਿਵੇਂ ਟੈਲੀਫੋਨ/ਬਿਜਲੀ ਦੀਆਂ ਲਾਈਨਾਂ ਨੂੰ ਸ਼ਿਫਟ ਕਰਨਾ/ਵਿਛਾਉਣ ਦੀ ਲਾਗਤ।
13. ਦਲਾਲ/ਪ੍ਰੋਪਰਟੀ ਡੀਲਰ ਦਰਖਾਸਤ ਨਾ ਕਰਨਾ।
14. ਇੰਡੀਅਨ ਆਯਲ ਕਿਸੇ ਵੀ ਤਰ੍ਹਾਂ ਦੀ ਦੇਰੀ, ਡਾਕ/ਫੈਕਸ ਦੁਆਰਾ ਭੇਜੇ ਗਏ ਦਸਤਾਵੇਜ ਪ੍ਰਾਪਤ ਨਾ ਹੋਣ, ਗੁੰਮ ਹੋਣ ਦੀ ਕੋਈ ਜਿੰਮੇਂਦਾਰੀ ਨਹੀਂ ਲਵੇਗਾ। ਪ੍ਰਾਪਤ ਕੀਤੇ ਗਏ ਕੋਟੇਸ਼ਨ ਕੇਵਲ ਇਕ ਪ੍ਰਸਤਾਵ ਹਨ ਜੋ ਇੰਡੀਅਨ ਆਯਲ ਨੂੰ ਕਿਸੇ ਵੀ ਤਰ੍ਹਾਂ ਬੰਨਦੇ ਨਹੀਂ ਹਨ।
15. ਇੰਡੀਅਨ ਆਯਲ ਬਿਨਾ ਕੋਈ ਕਾਰਨ ਦੱਸੇ ਕਿਸੇ ਜਾਂ ਸਾਰੇ ਪ੍ਰਸਤਾਵਾਂ ਨੂੰ ਅਸਵੀਕਾਰ ਕਰਨ ਦਾ ਅਧਿਕਾਰ ਰਖਦਾ ਹੈ।

**ਪ੍ਰਸਤਾਵ ਹੇਠਾਂ ਅਨੁਸਾਰ ਦੋ ਨਿਵਿਦਾ ਪ੍ਰਨਾਲੀ ਵਿਚ ਜਮ੍ਹਾ ਕੀਤੇ ਜਾਣੇ ਚਾਹੀਦੇ ਹਨ:**

**(ਕ) ਤਕਨੀਕੀ ਨਿਵਿਦਾ :** ਤਕਨੀਕੀ ਨਿਵਿਦਾ ਦੇ ਤਹਿਤ ਪੂਰੀ ਤਰ੍ਹਾਂ ਦਸਤਖਤਸ਼ੁਦਾ ਦਸਤਾਵੇਜਾਂ ਦੀਆਂ ਕਾਪੀਆਂ ਦੇ ਨਾਲ ਪ੍ਰਸਤਾਵਿਤ ਪਲਾਟ ਦੇ ਵੇਰਵੇ ਜਮ੍ਹਾ ਕੀਤੇ ਜਾਣੇ ਚਾਹੀਦੇ ਹਨ। ਤਕਨੀਕੀ ਨਿਵਿਦਾ ਵਿਚ ਜਮੀਨ ਦਾ ਕਿਸੇ ਵੀ ਪ੍ਰਕਾਰ ਦਾ ਪ੍ਰਸਤਾਵਿਤ ਮੁੱਲ/ਜਮੀਨ ਦੀ ਲਾਗਤ ਨਹੀਂ ਹੋਣੀ ਚਾਹੀਦੀ। ਨਿਵਿਦਾਦਾਤਾ ਨੂੰ ਹੇਠਾਂ ਲਿਖਤ ਵੇਰਵੇ ਭਰਨੇ ਹੋਣਗੇ:

(i) ਜਮੀਨ ਦੇ ਮਾਲਿਕ(ਆਂ) ਦਾ ਨਾਮ:
(ii) ਪਲਾਟ ਦੀ ਸੰਪਤੀ ਅਵਸਥਿਤੀ ਨੂੰ ਦਰਸਾਉਂਦੇ ਵੇਰਵਿਆਂ ਦੇ ਨਾਲ ਮੁੱਖ ਯੋਜਨਾ
(iii) ਪਲਾਟ ਦੀ ਨਾਪ ਦੇ ਨਾਲ ਵਿਕਰੀ/ਪੱਟੇ ਦੇ ਲਈ ਪ੍ਰਸਤਾਵਿਤ ਖੇਤਰ
(iv) '7/12' ਐਕਸਟਰੈਕਟਸ ਜਾਂ ਇਸ ਦੇ ਬਰਾਬਰ ਵੇਰਵੇ ਜਿਵੇਂ ਖਤੋਨੀ, ਜਮ੍ਹਾਬੰਦੀ, ਖਸਰਾ, ਗਿਰਦਵਾਰੀ ਆਦਿ ਅਤੇ ਟਾਈਟਲ ਡੀਡ ਜਿਵੇਂ ਵਿਕਰੀ ਡੀਡ ਆਦਿ ਜਿਸ ਵਿਚ ਅਸਲ ਫੋਟੋਕਾਪੀ ਦੇ ਰੂਪ ਵਿਚ ਪੂਰੀ ਤਰ੍ਹਾਂ ਨੱਥੀ/ ਪ੍ਰਮਾਣਿਛ ਜਮੀਨ ਦਾ ਮਾਲਕੀਅਤ ਦਿਖਾਈ ਗਈ ਹੋਵੇ।
(v) ਪਾਵਰ ਆਫ ਅਟਾਰਨੀ ਹੋਲਡਰ ਨੂੰ ਰਜਿਸਟਰਡ ਪਾਵਰ ਆਫ ਅਟਾਰਨੀ ਦੀ ਕਾਪੀ ਜਮ੍ਹਾ ਕਰਨੀ ਹੋਵੇਗੀ।

**ਉਪਰ ਦਰਸਾਏ ਗਏ ਦਸਤਾਵੇਜਾਂ/ਵੇਰਵਿਆਂ ਦੇ ਬਿਨਾ ਪ੍ਰਾਪਤ ਪ੍ਰਸਤਾਵਾਂ ਨੂੰ ਰੱਦ ਕਰ ਦਿਤਾ ਜਾਵੇਗਾ।**

ਟਿਪਣੀ : ਤਕਨੀਕੀ ਨਿਵਿਦਾ ਨੂੰ ਇਕ ਅਲਗ ਲਿਫਾਫੇ ਵਿਚ ਰਖ ਕੇ ਉਪਰ ''ਤਕਨੀਕੀ ਨਿਵਿਦਾ ਲਿਖਿਆ ਹੋਣਾ ਚਾਹੀਦਾ।

**(ਖ) ਵਿਤੀ ਨਿਵਿਦਾ :** ਵਿਤੀ ਨਿਵਿਦਾ ਦੇ ਨਾਲ ਹੇਠਾਂ ਲਿਖਤ ਵੇਰਵੇ ਹੋਣੇ ਚਾਹੀਦੇ:

(i) ਇਹ ਪ੍ਰਸਤਾਵ ਵਿਕਰੀ ਦੇ ਲਈ ਜਾਂ ਪੱਟੇ ਦੇ ਲਈ ਜਾਂ ਵਿਕਰੀ ਜਾਂ ਪੱਟੇ ਦੋਵਾਂ ਦੇ ਲਈ ਹੈ
(ii) ਵਿਕਰੀ ਦੀ ਸਥਿਤੀ ਵਿਚ ਰੁਪਏ ਵਿਚ ਅੰਦਾਜਨ ਵਿਕਰੀ ਰਾਸ਼ੀ
(iii) ਪੱਟੇ ਦੇ ਮਾਮਲੇ ਵਿਚ, ਰੁਪਏ ਵਿਚ ਅੰਦਾਜਨ ਪੱਟਾ ਕਿਰਾਇਆ ਪ੍ਰਤੀ ਮਹੀਨਾ ਅਤੇ ਪੱਟੇ ਦਾ ਸਮਾਂ

**ਟਿਪਣੀ : ਵਿਤੀ ਨਿਵਿਦਾ ਨੂੰ ਇਕ ਅਲਗ ਲਿਫਾਫੇ ਵਿਚ ਰਖ ਕੇ ਉਸ ਦੇ ਉਪਰ ''ਵਿਤੀ ਨਿਵਿਦਾ ਲਿਖਿਆ ਹੋਣਾ ਚਾਹੀਦਾ।**

ਤਕਨੀਕੀ ਅਤੇ ਵਿਤੀ ਨਿਵਿਦਾ ਦੋਵੇਂ ਲਿਫਾਫਿਆਂ ਨੂੰ ਵੱਖ-ਵੱਖ ਮੁਹਰਬੰਦ ਕਰਕੇ ਦੋਵਾਂ ਨੂੰ ਇਕ ਤੀਜੇ ਲਿਫਾਫੇ ਵਿਚ ਰੱਖੋ ਅਤੇ ਉਸ ਨੂੰ ਸੀਲਬੰਦ ਕਰਕੇ ਉਸ ਦੇ ਉਪਰ ''......................**ਸਥਾਨ ਉਤੇ ਜਮੀਨ ਦਾ ਪ੍ਰਸਤਾਵ**'' ਲਿਖਣ।

ਇਛੁਕ ਪਾਰਟੀਆਂ ਹੇਠਾਂ ਦਰਸਾਈ ਗਈ ਤੈਅ ਮਿਤੀ ਅਤੇ ਸਮੇਂ ਤਕ ਜਾਂ ਉਸ ਤੋਂ ਪਹਿਲਾ ਹੇਠਾਂ ਦਿਤੇ ਗਏ ਪਤੇ ਦੇ ਦਰਖਾਸਤ ਕਰ ਸਕਦੇ ਹਨ:

| ਜਗ੍ਹਾ ਲੜੀ ਨੰ. | ਨਿਵਿਦਾ/ਦਰਖਾਸਤ ਪੱਤਰ ਜਮ੍ਹਾ ਕਰਨ ਦਾ ਪਤਾ |
|---|---|
| 1 ਤੋਂ 2 | ਡਵੀਜਨਲ ਰਿਟੇਲ ਸੇਲਸ ਹੈਡ, ਇੰਡੀਅਨ ਆਯਲ, ਕਾਰਪੋਰੇਸ਼ਨ, ਲਿਮਟਿਡ, ਅੰਮ੍ਰਿਤਸਰ ਡਵੀਜਨਲ ਦਫਤਰ, ਐਸਸੀਓ-89, ਦੂਜੀ ਮੰਜਿਲ, ਡਿਸਟ੍ਰਿਕਟ ਸ਼ਾਪਿੰਗ ਕੰਪਲੈਕਸ, ਰੰਜੀਤ ਐਵਨਿਊ, ਅੰਮ੍ਰਿਤਸਰ-143001 |
| 3 ਤੋਂ 4 | ਡਵੀਜਨਲ ਰਿਟੇਲ ਸੇਲਸ ਹੈਡ, ਇੰਡੀਅਨ ਆਯਲ, ਕਾਰਪੋਰੇਸ਼ਨ, ਲਿਮਟਿਡ, ਬਠਿੰਡਾ ਡਵੀਜਨਲ ਦਫਤਰ, ਨਜ਼ਦੀਕ ਜੱਸੀ ਪੋਵਾਲੀ, ਚੌਂਕ, ਫੂਸ ਮੰਡਲ, ਮਾਨਸਾ ਰੋਡ, ਬਠਿੰਡਾ-151001 |
| 5 ਤੋਂ 8 | ਡਵੀਜਨਲ ਰਿਟੇਲ ਸੇਲਸ ਹੈਡ, ਇੰਡੀਅਨ ਆਯਲ, ਕਾਰਪੋਰੇਸ਼ਨ, ਲਿਮਟਿਡ, ਚੰਡੀਗੜ੍ਹ ਡਵੀਜਨਲ ਦਫਤਰ, ਐਸਸੀਓ 35-36, ਸੈਕਸ਼ਟਰ-7ਸੀ, ਮੱਧ ਮਾਰਗ, ਚੰਡੀਗੜ੍ਹ-160019 |
| 9ਤੋਂ11 | ਡਵੀਜਨਲ ਰਿਟੇਲ ਸੇਲਸ ਹੈਡ, ਇੰਡੀਅਨ ਆਯਲ, ਕਾਰਪੋਰੇਸ਼ਨ, ਲਿਮਟਿਡ, ਜਲੰਧਰ ਡਵੀਜਨਲ ਦਫਤਰ, ਸੁਚੀ ਪਿੰਡ ਇੰਡਅਨ ਆਯਲ ਕੰਪਲੈਕਸ, ਜਲੰਧਰ-144009 |

**ਨਿਵਿਦਾ ਜਮ੍ਹਾ ਕਰਨ ਦੀ ਅੰਤਮ ਮਿਤੀ 06-05-2022 ਨੂੰ 1500 ਵਜੇ ਤਕ ਹੈ। ਤੈਅ ਮਿਤੀ ਅਤੇ ਸਮੇਂ ਦੇ ਬਾਅਦ ਪ੍ਰਾਪਤ ਪ੍ਰਸਤਾਵਾਂ ਉਤੇ ਵਿਚਾਰ ਨਹੀਂ ਕੀਤਾ ਜਾਵੇਗਾ। ਜਮ੍ਹਾ ਕੀਤੇ ਗਏ ਪ੍ਰਸਤਾਵ ਤੈਅ ਮਿਤੀ ਜਾਂ ਆਪਸੀ ਸਹਿਮਤੀ ਨਾਲ ਵਧਾਈ ਗਈ ਮਿਤੀ ਤੋਂ 150 ਦਿਨਾਂ ਦੇ ਸਮੇਂ ਦੇ ਲਈ ਵੈਲਿਡ ਹੋਣਾ ਚਾਹੀਦਾ।**

स्वच्छ भारत
एक कदम स्वच्छता की ओर

Azadi Ka Amrit Mahotsav

Pradhan Mantri UJJWALA Yojana